Australian Government
Department of Home Affairs

# ਪ੍ਰਵਾਸੀ ਕਾਮਿਆਂ ਦੇ ਸ਼ੋਸ਼ਣ ਨਾਲ ਨਜੱਠਣ ਲਈ ਕਾਨੂੰਨ ਨੂੰ ਮਜ਼ਬੂਤ ਕਰਨਾ

## ਸੰਖੇਪ ਸਾਰ

ਆਸਟ੍ਰੇਲੀਆ ਦੀ ਸਰਕਾਰ ਪ੍ਰਵਾਸੀ ਕਾਮਿਆਂ ਨਾਲ ਹੁੰਦੇ ਸ਼ੋਸ਼ਣ ਨਾਲ ਨਜੱਠਣ ਲਈ ਕਾਨੂੰਨ ਨੂੰ ਮਜ਼ਬੂਤ ਕਰ ਰਹੀ ਹੈ। ਸੰਸਦ ਦੁਆਰਾ ਕਾਨੂੰਨ ਵਿੱਚ ਪਾਸ ਕੀਤੇ ਗਏ ਸੁਧਾਰ ਰੁਜ਼ਗਾਰਦਾਤਾ ਵੱਲੋਂ ਕੀਤੀ ਜਾਂਦੀ ਕਾਨੂੰਨ ਪਾਲਣਾ ਅਤੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਬਹਿਤਰ ਬਣਾਉਣ ਲਈ ਕੀਤੇ ਜਾ ਰਹੇ ਸੁਧਾਰਾਂ ਦੇ ਇੱਕ ਵੱਡੇ ਪੈਕੇਜ ਦਾ ਹਿੱਸਾ ਹਨ।

ਨਵੇਂ ਕਾਨੂੰਨ 1 ਜੁਲਾਈ 2024 ਤੋਂ ਲਾਗੂ ਹੋਣਗੇ ਅਤੇ ਸਿੱਧੇ ਰੁਜ਼ਗਾਰਦਾਤਾਵਾਂ, ਅਤੇ ਰੁਜ਼ਗਾਰ ਲੜੀ ਵਿਚਲੇ ਹੋਰਾਂ, ਜਵਿੇਂ ਕਿ ਲੇਬਰ ਹਾਇਰ ਕੰਪਨੀਆਂ ਦੋਵਾਂ 'ਤੇ ਲਾਗੂ ਹੋਣਗੇ। 'ਰੁਜ਼ਗਾਰਦਾਤਾ ਵੱਲੋਂ ਕਾਨੂੰਨ ਦੀ ਪਾਲਣਾ ਕਰਨ ਨੂੰ ਮਜ਼ਬੂਤ ਕਰਨ ਸੰਬੰਧੀ ਕਾਨੂੰਨ' (Strengthening Employer Compliance Act) ਦੇ ਤਹਤਿ ਉਪਾਅ ਇਹ ਕਰਨਗੇ:

- ਅਸਥਾਈ ਪ੍ਰਵਾਸੀਆਂ ਨੂੰ ਕਾਮਿਆਂ ਨਾਲ ਹੁੰਦੇ ਸ਼ੋਸ਼ਣ ਤੋਂ ਬਚਾਉਣ ਲਈ ਕਾਨੂੰਨਾਂ ਨੂੰ ਮਜ਼ਬੂਤ
- ਰੋਕਥਾਮ ਅਤੇ ਇਲਾਜ ਦੋਨੋਂ ਦੀ ਵਰਤੋਂ ਕਰਦੇ ਹੋਏ ਰੁਜ਼ਗਾਰਦਾਤਾ ਵੱਲੋਂ ਕਾਨੂੰਨ ਦੀ ਪਾਲਣਾ ਵਿੱਚ ਸੁਧਾਰ
- ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗਾ ਕਿ ਕਾਨੂੰਨ ਦੀ ਪਾਲਣਾ ਕਰਨ ਵਾਲੇ ਰੁਜ਼ਗਾਰਦਾਤਾ ਬੇਈਮਾਨ ਪ੍ਰਤੀਯੋਗੀਆਂ ਦੀਆਂ ਘੱਟ ਕੀਮਤਾਂ ਨਾਲ ਪ੍ਰਭਾਵਤਿ ਨਾ ਹੋਣ।

## ਉਪਾਅ

ਪ੍ਰਵਾਸ ਕਾਨੂੰਨ ਵਿੱਚ ਤਬਦੀਲੀਆਂ ਦੇ ਤਹਤਿ ਸ਼ਾਮਲਿ ਮੁੱਖ ਉਪਾਅ ਹੇਠਾਂ ਦੱਤਿੇ ਅਨੁਸਾਰ ਹਨ:

- ਕੰਮ ਵਾਲੀ ਥਾਂ 'ਤੇ ਕਸਿੇ ਵਅਿਕਤੀ ਦੀ ਪ੍ਰਵਾਸ ਸਥਤਿੀ ਨੂੰ ਉਹਨਾਂ ਦਾ ਸ਼ੋਸ਼ਣ ਕਰਨ ਲਈ ਵਰਤਣ 'ਤੇ ਨਵੇਂ ਅਪਰਾਧਕਿ ਜ਼ੁਰਮ ਅਤੇ ਜੁਰਮਾਨੇ। ਇਨ੍ਹਾਂ ਜੁਰਮਾਂ ਵਿੱਚ 2 ਸਾਲ ਦੀ ਕੈਦ ਅਤੇ/ਜਾਂ 360 ਪੈਨਲਟੀ ਯੂਨਟਿਾਂ (ਵਰਤਮਾਨ ਵਿੱਚ $118,800), ਜਾਂ 240 ਪੈਨਲਟੀ ਯੂਨਟਿਾਂ (ਵਰਤਮਾਨ ਵਿੱਚ $79,200) ਵਾਲਾ ਸਵਿਲ ਦੰਡ ਸ਼ਾਮਲਿ ਹੈ।
- ਇੱਕ ਨਵਾਂ ਪਾਬੰਦੀ ਉਪਾਅ - ਅਸਥਾਈ ਪ੍ਰਵਾਸੀ ਕਾਮਿਆਂ ਨਾਲ ਗੰਭੀਰ, ਇਰਾਦਤਨ ਜਾਂ ਵਾਰ-ਵਾਰ ਸ਼ੋਸ਼ਣ ਵਿੱਚ ਲੱਗੇ ਰੁਜ਼ਗਾਰਦਾਤਾਵਾਂ ਨੂੰ ਉਲੰਘਣਾ ਦੀ ਕਸਿਮ ਅਤੇ ਤੀਬਰਤਾ ਦੇ ਅਧਾਰ 'ਤੇ ਕੁੱਝ ਸਮੇਂ ਲਈ ਵਧੀਕ ਪ੍ਰਵਾਸੀ ਮਜ਼ਦੂਰਾਂ ਨੂੰ ਨਯਿੁਕਤ ਕਰਨ ਤੋਂ ਰੋਕਿਆ ਜਾਵੇਗਾ। ਪਾਬੰਦੀਸ਼ੁਦਾ ਰੁਜ਼ਗਾਰਦਾਤਾ ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ 'ਤੇ ਸੂਚੀਬੱਧ ਕੀਤੇ ਜਾਣਗੇ ਅਤੇ ਪਾਬੰਦੀ ਖ਼ਤਮ ਹੋਣ ਤੋਂ ਬਾਅਦ ਵੀ ਉਹਨਾਂ ਨੂੰ ਵਾਧੂ ਰਪਿੋਰਟਾਂ ਕਰਨੀਆਂ ਪੈਣਗੀਆਂ। ਜੇਕਰ ਤੁਸੀਂ ਪਾਬੰਦੀ ਦਾ ਉਲੰਘਣ ਕਰਦੇ ਹੋ, ਉਦਾਹਰਨ ਲਈ ਪਾਬੰਦੀ ਦੀ ਮਆਿਦ ਦੇ ਦੌਰਾਨ ਹੋਰ ਅਸਥਾਈ ਵੀਜ਼ਾ ਧਾਰਕਾਂ ਨੌਕਰੀ 'ਤੇ ਰੱਖ ਕੇ, ਤਾਂ ਤੁਹਾਨੂੰ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
- ਨਵੇਂ ਟੂਲ - ਕਾਨੂੰਨ ਪਾਲਣਾ ਨੋਟਸਿ ਅਤੇ ਲਾਗੂ ਹੋਣ ਯੋਗ ਕਾਰਜਾਂ ਨੂੰ ਸ਼ਾਮਲਿ ਕਰਨ ਦੀ ਯੋਗਤਾ ਰੁਜ਼ਗਾਰਦਾਤਾਵਾਂ ਨੂੰ ਬਨਿਾਂ ਜੁਰਮਾਨੇ ਦੇ ਆਪਣੀਆਂ ਜ਼ੰਮਿੇਵਾਰੀਆਂ ਨੂੰ ਸਮਝਣ ਅਤੇ ਪੂਰਾ ਕਰਨ ਵਿੱਚ ਮੱਦਦ ਕਰੇਗੀ (ਜੱਥਿੇ ਉਚਤਿ ਹੋਵੇ)।
- ਰਪਿੋਰਟ ਕਰਨ ਨੂੰ ਉਤਸ਼ਾਹਤਿ ਕਰਨ ਲਈ ਅਸਥਾਈ ਪ੍ਰਵਾਸੀ ਮਜ਼ਦੂਰਾਂ ਲਈ ਬਹਿਤਰ ਸੁਰੱਖਿਆ।

## ਰੁਜ਼ਗਾਰਦਾਤਾ ਦੀਆਂ ਜ਼ੰਮਿੇਵਾਰੀਆਂ

ਰੁਜ਼ਗਾਰਦਾਤਾ ਇਹ ਯਕੀਨੀ ਬਣਾਉਣ ਲਈ ਜ਼ੰਮਿੇਵਾਰ ਹਨ ਕਿ ਅਸਥਾਈ ਵੀਜ਼ਾ ਧਾਰਕਾਂ ਕੋਲ ਇੱਕ ਵੈਧ ਵੀਜ਼ਾ ਹੈ ਅਤੇ ਉਹ ਆਪਣੇ ਵੀਜ਼ਾ ਦੀਆਂ ਕੰਮ ਦੀਆਂ ਸ਼ਰਤਾਂ ਦੀ ਉਲੰਘਣਾ ਨਹੀਂ ਕਰ ਰਹੇ ਹਨ। ਕਰਮਚਾਰੀਆਂ ਦੇ ਵੀਜ਼ਾ ਦੀਆਂ ਸ਼ਰਤਾਂ ਨੂੰ Visa Entitlement Verification Online (ਵੀਜ਼ਾ ਇੰਟਾਈਟਲਮੈਂਟ ਵੈਰੀਫਕਿੇਸ਼ਨ ਔਨਲਾਈਨ) 'ਤੇ ਚੈੱਕ ਕਰੋ।

ਉਹਨਾਂ ਵੱਲੋਂ ਘੱਟੋ-ਘੱਟ ਤਨਖ਼ਾਹ ਦੀਆਂ ਦਰਾਂ, ਸੁਪਰਐਨੁਏਸ਼ਨ ਦੇ ਨਯਿਮਾਂ ਅਤੇ ਸਹਿਤ ਅਤੇ ਸੁਰੱਖਿਆ ਸ਼ਰਤਾਂ ਸਮੇਤ ਸਾਰੇ ਕੰਮ ਵਾਲੀ ਥਾਂ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਵੀ ਲਾਜ਼ਮੀ ਹੈ।

| | | | |
|---|---|---|---|
| ਪ੍ਰਵਾਸੀ ਕਾਮਿਆਂ ਦੇ ਅਧਕਿਾਰ | ਨਵੇਂ ਪ੍ਰਵਾਸੀ ਕਾਮਿਆਂ ਦੇ ਸ਼ੋਸ਼ਣ ਕਾਨੂੰਨ | Visa Entitlement Verification Online (ਵੀਜ਼ਾ ਇੰਟਾਈਟਲਮੈਂਟ ਵੈਰੀਫਕਿੇਸ਼ਨ ਔਨਲਾਈਨ) | Fair Work Ombudsman (ਫੇਅਰ ਵਰਕ ਓਮਬਡਸਮੈਨ) |